BC Centre for Disease Control
Provincial Health Services Authority

Clinical Prevention Services
Provincial STI/HIV Clinic

655 West 12th Avenue
Vancouver, BC V5Z 4R4

Tel 604.707.5600
Fax 604.707.5604

www.bccdc.ca
www.SmartSexResource.com

# ਗੁਪਤ ਅੰਗਾਂ ਉੱਪਰ ਮੱਸਿਆਂ (ਐੱਚ.ਪੀ.ਵੀ.) ਦਾ ਟ੍ਰੀਟਮੈਂਟ
# Genital Wart (HPV) Treatment

ਹਿਊਮਨ ਪੈਪੀਲੋਮਾ-ਵਾਇਰਸ (ਐੱਚ.ਪੀ.ਵੀ.) ਕਾਰਣ ਗੁਪਤ ਅੰਗਾਂ ਉੱਪਰ ਹੋਣ ਵਾਲੇ ਮੱਸਿਆਂ ਦਾ ਇਲਾਜ ਉਂਝ ਤਾਂ ਦਿੱਖ ਨੂੰ ਵਧੀਆ ਰੱਖਣ ਦੇ ਮਕਸਦ ਨਾਲ ਕੀਤਾ ਜਾਂਦਾ ਹੈ ਪਰ ਇਸ ਨਾਲ ਲੱਛਣ ਘਟਾਉਣ ਵਿੱਚ ਵੀ ਮਦਦ ਮਿਲ ਸਕਦੀ ਹੈ। ਗੁਪਤ ਅੰਗਾਂ ਉੱਪਰ ਹੋਏ ਬਹੁਤੇ ਮੱਸੇ ਕਿਸੇ ਟ੍ਰੀਟਮੈਂਟ ਤੋਂ ਬਿਨਾਂ 18 ਤੋਂ 24 ਮਹੀਨਿਆਂ ਅੰਦਰ ਠੀਕ ਹੋ ਜਾਂਦੇ ਹਨ।

ਗੁਪਤ ਅੰਗਾਂ ਦੇ ਮੱਸਿਆਂ ਦਾ ਇਲਾਜ ਕਰਨ ਵਾਸਤੇ ਅਨੇਕਾਂ ਵਧੀਆ ਢੰਗ ਉਪਲਬਧ ਹਨ ਪਰ ਇਹ ਸਰੀਰ ਉੱਪਰ ਮੱਸਿਆਂ ਦੀ ਥਾਂ ਅਤੇ ਕਿਸਮ ਤੋਂ ਇਲਾਵਾ ਨਿੱਜੀ ਤਰਜੀਹ ਅਤੇ ਉਪਲਬਧ ਟ੍ਰੀਟਮੈਂਟਾਂ ਉੱਪਰ ਨਿਰਭਰ ਕਰਦਾ ਹੈ। ਟ੍ਰੀਟਮੈਂਟ ਕਰਵਾਉਣ ਜਾਂ ਨਾ ਕਰਵਾਉਣ ਬਾਰੇ ਅਤੇ ਆਪਣੇ ਲਈ ਸਭ ਤੋਂ ਵਧੀਆ ਵਿਕਲਪ ਦੀ ਚੋਣ ਕਰਨ ਵਾਸਤੇ ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ।

ਪੀੜਤ ਵਿਅਕਤੀ ਜਾਂ ਉਨ੍ਹਾਂ ਦਾ/ਦੇ ਸਾਥੀ ਟ੍ਰੀਟਮੈਂਟ ਦੌਰਾਨ ਵੀ ਕਾਮੁਕ ਤੌਰ 'ਤੇ ਸਰਗਰਮ ਰਹਿਣ ਦੀ ਚੋਣ ਕਰ ਸਕਦੇ ਹਨ। ਉਹ ਟ੍ਰੀਟਮੈਂਟ ਦੌਰਾਨ ਸੰਭੋਗ ਤੋਂ ਗੁਰੇਜ਼ ਕਰਨ ਦੀ ਚੋਣ ਵੀ ਕਰ ਸਕਦੇ ਹਨ। ਉਹ ਕੰਡੋਮ ਇਸਤੇਮਾਲ ਕਰਨ ਦੀ ਚੋਣ ਕਰ ਸਕਦੇ ਹਨ। ਕੰਡੋਮ ਜਿਨਸੀ ਸੰਬੰਧਾਂ ਕਾਰਣ ਹੋਣ ਵਾਲੀਆਂ ਅਨੇਕਾਂ ਇਨਫ਼ੈਕਸ਼ਨਾਂ ਤੋਂ ਸੁਰੱਖਿਆ ਪ੍ਰਦਾਨ ਕਰਦੇ ਹਨ, ਪਰ ਉਹ ਐੱਚ.ਪੀ.ਵੀ. ਤੋਂ ਮੁਕੰਮਲ ਸੁਰੱਖਿਆ ਪ੍ਰਦਾਨ ਨਹੀਂ ਕਰਦੇ।

## ਟ੍ਰੀਟਮੈਂਟ ਦੇ ਵਿਕਲਪ (Treatment Options)

| | |
|---|---|
| ਟ੍ਰੀਟਮੈਂਟ ਲੈਣਾ ਟਾਲ ਦਿਓ ਅਤੇ ਨਿਗਰਾਨੀ ਕਰੋ | • ਗੁਪਤ ਅੰਗਾਂ ਦੇ ਕਈ ਮੱਸੇ ਆਪਣੇ ਆਪ ਜਲਦੀ ਹੀ ਠੀਕ ਹੋ ਜਾਣਗੇ |
| ਕਲੀਨੀਸ਼ੀਅਨ ਵੱਲੋਂ ਦਿੱਤੇ ਜਾਂਦੇ ਟ੍ਰੀਟਮੈਂਟ | • ਪਹਿਲੀ ਚੋਣ: ਲਿਕੁਇਡ ਨਾਈਟ੍ਰੋਜਨ ਨਾਲ ਕ੍ਰਾਇਓਥੈਰੇਪੀ; ਸਫ਼ਾ 2 ਦੇਖੋ<br>• ਬਦਲਵੇਂ ਟ੍ਰੀਟਮੈਂਟ:<br>o ਪੋਡੋਫ਼ਾਇਲਿਨ ਲਿਕੁਇਡ (ਪੋਡੋਫ਼ਾਇਲਮ 10%), ਸਫ਼ਾ 3 ਦੇਖੋ<br>o ਟ੍ਰਾਈਕਲੋਰਾਸੈਟਿਕ ਐਸਿਡ (ਟੀ.ਸੀ.ਏ.): ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ |
| ਖ਼ੁਦ ਲਗਾਏ ਜਾਣ ਵਾਲੇ ਟ੍ਰੀਟਮੈਂਟ (ਪ੍ਰਿਸਕ੍ਰਿਪਸ਼ਨ ਜ਼ਰੂਰੀ ਹੈ) | • ਇਮਿਕਿਊਈਮੋਡ 3.75% ਜਾਂ 5% ਕ੍ਰੀਮ (Aldara®P – ਅਲਡਾਰਾ ਪੀ)<br>• ਸਿਨੇਕੈਟੇਚਿਨਜ਼ (ਗ੍ਰੀਨ ਟੀ ਵਿੱਚੋਂ ਕੱਢਿਆ ਤੱਤ) 10% ਓਇੰਟਮੈਂਟ (Veregen® – ਵੇਰੇਜੈਨ)<br>• ਪੋਡੋਫ਼ੀਲੌਕਸ 0.5% ਸੌਲਿਊਸ਼ਨ (Condyline® – ਕੌਂਡੀਲਾਈਨ)<br>• ਵਧੇਰੇ ਜਾਣਕਾਰੀ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ |

## ਸਾਵਧਾਨ (CAUTION)

ਮੱਸੇ ਹਟਾਉਣ ਲਈ ਡਾਕਟਰ ਦੀ ਤਜਵੀਜ਼ ਤੋਂ ਬਿਨਾਂ ਮਿਲਣ ਵਾਲੇ ਉਪਾਅ ਜਿਵੇਂ ਕਿ ਸੈਲੀਸਿਕਲਿਕ ਐਸਿਡ (ਕੰਪਾਊਂਡ ਡਬਲਿਊ – Compound W®, ਡਾ. ਸ਼ੋਲਜ਼ – Dr Scholls®), ਅਤੇ/ਜਾਂ ਟੀ ਟ੍ਰੀ ਓਇਲ ਨੂੰ ਗੁਪਤ ਅੰਗਾਂ ਦੇ ਮੱਸਿਆਂ ਦੇ ਇਲਾਜ ਲਈ ਇਸਤੇਮਾਲ ਕਰਨ ਦੀ ਸਿਫ਼ਾਰਿਸ਼ **ਨਹੀਂ** ਕੀਤੀ ਜਾਂਦੀ।



Provincial Health Services Authority
Province-wide solutions. Better health.
ACCREDITED • AGRÉÉ • CCHSA • CCASS
*A research and teaching centre affiliated with UBC*

Punjabi

# ਗੁਪਤ ਅੰਗਾਂ ਉੱਪਰ ਮੱਸਿਆਂ (ਐੱਚ.ਪੀ.ਵੀ.) ਦਾ ਟ੍ਰੀਟਮੈਂਟ (ਜਾਰੀ)
# Genital Wart Treatment (cont'd)

## ਐੱਚ.ਪੀ.ਵੀ. ਬਾਰੇ ਜਾਣਕਾਰੀ (Information about HPV)

ਗੁਪਤ ਅੰਗਾਂ ਉੱਪਰ ਹੋਣ ਵਾਲੇ ਮੱਸਿਆਂ ਅਤੇ ਵੈਕਸੀਨ ਸਮੇਤ ਹਿਊਮਨ ਪੈਪੀਲੋਮਾ-ਵਾਇਰਸ (ਐੱਚ.ਪੀ.ਵੀ.) ਬਾਰੇ ਆਮ ਜਾਣਕਾਰੀ ਲਈ **SmartSexResource (ਸਮਾਰਟ ਸੈਕਸ ਰੀਸੋਰਸ)** ਦਾ ਐੱਚ.ਪੀ.ਵੀ. ਬ੍ਰੋਸ਼ਰ ਦੇਖੋ।

## ਲਿਕੁਇਡ ਨਾਈਟ੍ਰੋਜਨ ਨਾਲ ਕ੍ਰਾਇਓਥੈਰੇਪੀ (ਐੱਲ.ਐੱਨ.2)
## Cryotherapy with Liquid Nitrogen (LN2)

- ਲਿਕੁਇਡ ਨਾਈਟ੍ਰੋਜਨ ਨਾਲ ਕੀਤੀ ਕ੍ਰਾਇਓਥੈਰੇਪੀ (ਐੱਲ.ਐੱਨ.2) ਤਹਿਤ ਗੁਦਾ/ਗੁਪਤ ਅੰਗਾਂ ਵਾਲੇ ਮੱਸਿਆਂ ਉੱਪਰ ਇੱਕ ਬਹੁਤ ਠੰਡਾ ਪਦਾਰਥ ਲਗਾਇਆ ਜਾਂਦਾ ਹੈ।
- ਗੁਪਤ ਅੰਗਾਂ ਦੇ ਮੱਸਿਆਂ ਲਈ ਇਹ ਕਲੀਨੀਸ਼ੀਅਨ ਵੱਲੋਂ ਪ੍ਰਦਾਨ ਕੀਤੇ ਜਾਣ ਵਾਲੇ ਇਸ ਟ੍ਰੀਟਮੈਂਟ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ।
- **ਇਹ ਕਿਵੇਂ ਕੰਮ ਕਰਦਾ ਹੈ: (How it works)**
  ਲਿਕੁਇਡ ਨਾਈਟ੍ਰੋਜਨ ਨਾਲ ਮਾਮੂਲੀ ਜਿਹੀ ਸੋਜਿਸ਼ (ਲਾਲੀ, ਸੋਜਿਸ਼ ਜਾਂ ਬੇਅਰਾਮੀ) ਹੁੰਦੀ ਹੈ ਜਿਸ ਨਾਲ ਸਰੀਰ ਦੀ ਰੱਖਿਅਕ ਪ੍ਰਣਾਲੀ ਹਰਕਤ ਵਿੱਚ ਆਉਂਦੀ ਹੈ ਅਤੇ ਗੁਪਤ ਅੰਗਾਂ ਦੇ ਮੱਸਿਆਂ (ਐੱਚ.ਪੀ.ਵੀ.) ਦੀ ਇਨਫ਼ੈਕਸ਼ਨ ਨੂੰ ਵਧੇਰੇ ਤੇਜ਼ੀ ਨਾਲ ਠੀਕ ਕਰਨ ਵਿੱਚ ਮਦਦ ਮਿਲਦੀ ਹੈ।
- **ਟ੍ਰੀਟਮੈਂਟ ਦਾ ਸੰਭਾਵੀ ਅਸਰ: (Expected Treatment Response)**
  - 1 ਤੋਂ 2 ਘੰਟੇ ਵਿੱਚ ਛਾਲੇ
  - 2 ਤੋਂ 3 ਦਿਨਾਂ ਵਿੱਚ ਖਰਿੰਢ ਬਣਨਾ
  - 7 ਤੋਂ 10 ਦਿਨਾਂ ਦੇ ਵਿੱਚ ਖਰਿੰਢ ਝੜ ਜਾਣਾ
- ਵਧੀਆ ਨਤੀਜਿਆਂ ਲਈ ਕੁੱਲ 6-8 ਟ੍ਰੀਟਮੈਂਟ ਕੀਤੇ ਜਾਣੇ ਚਾਹੀਦੇ ਹਨ ਅਤੇ ਹਰ ਟ੍ਰੀਟਮੈਂਟ 1 ਤੋਂ 2 ਹਫ਼ਤਿਆਂ ਬਾਅਦ ਕੀਤਾ ਜਾਣਾ ਚਾਹੀਦਾ ਹੈ।

## ਗਰਭਕਾਲ ਅਤੇ ਆਪਣਾ ਦੁੱਧ ਚੁੰਘਾਉਣਾ (Pregnancy and Chest/Breastfeeding)

- ਗਰਭਕਾਲ ਅਤੇ ਬੱਚੇ ਨੂੰ ਆਪਣਾ ਦੁੱਧ ਚੁੰਘਾਉਣ ਸਮੇਂ ਲਿਕੁਇਡ ਨਾਈਟ੍ਰੋਜਨ ਦਾ ਟ੍ਰੀਟਮੈਂਟ ਸੁਰੱਖਿਅਤ ਰਹਿੰਦਾ ਹੈ।

## ਮਾੜੇ ਪ੍ਰਭਾਵ (Side Effects)

- ਲਿਕੁਇਡ ਨਾਈਟ੍ਰੋਜਨ ਨਾਲ ਕੀਤੀ ਕ੍ਰਾਇਓਥੈਰੇਪੀ ਨੂੰ ਬਹੁਤੇ ਲੋਕ ਚੰਗੀ ਤਰ੍ਹਾਂ ਬਰਦਾਸ਼ਤ ਕਰ ਲੈਂਦੇ ਹਨ।
- ਤੁਹਾਨੂੰ ਮੱਸੇ ਅਤੇ ਉਸ ਦੇ ਆਲ਼ੇ-ਦੁਆਲੇ ਵਾਲੀ ਚਮੜੀ ਉੱਪਰ ਮਾਮੂਲੀ ਅਤੇ ਥੋੜ੍ਹਾ ਚਿਰ ਰਹਿਣ ਵਾਲੀ ਲਾਲੀ, ਸੋਜਿਸ਼ ਅਤੇ ਜਲ਼ਣ ਮਹਿਸੂਸ ਹੋ ਸਕਦੀ ਹੈ।
- ਵਿਅਕਤੀ ਦੀ ਚਮੜੀ ਦੀ ਕਿਸਮ ਅਤੇ ਟ੍ਰੀਟਮੈਂਟ ਦੇ ਅਸਰ ਮੁਤਾਬਕ ਟ੍ਰੀਟਮੈਂਟ ਵਾਲੇ ਹਿੱਸਿਆਂ ਦਾ ਰੰਗ ਹਲਕਾ (ਹਾਈਪੋ-ਪਿਗਮੈਂਟ) ਜਾਂ ਗੂੜ੍ਹਾ (ਹਾਈਪਰ-ਪਿਗਮੈਂਟ) ਹੋ ਸਕਦਾ ਹੈ। ਚਮੜੀ ਦੇ ਰੰਗ ਵਿੱਚ ਆਈਆਂ

ਬਹੁਤੀਆਂ ਤਬਦੀਲੀਆਂ ਕੁਝ ਹਫ਼ਤਿਆਂ ਦੇ ਵਿੱਚ-ਵਿੱਚ ਠੀਕ ਹੋ ਜਾਣਗੀਆਂ ਪਰ ਚਮੜੀ ਦੇ ਰੰਗ ਵਿੱਚ ਆਈਆਂ ਕੁਝ ਤਬਦੀਲੀਆਂ ਹਮੇਸ਼ਾ ਲਈ ਰਹਿ ਸਕਦੀਆਂ ਹਨ।



Provincial Health Services Authority
Province-wide solutions.
Better health.
ACCREDITED • AGRÉÉ • CCHSA • CCASS
*A research and teaching centre affiliated with UBC*

# ਗੁਪਤ ਅੰਗਾਂ ਉੱਪਰ ਮੱਸਿਆਂ (ਐੱਚ.ਪੀ.ਵੀ.) ਦਾ ਟ੍ਰੀਟਮੈਂਟ (ਚਲਦਾ)
# Genital Wart Treatment (cont'd)

ਬਹੁਤੀਆਂ ਤਬਦੀਲੀਆਂ ਕੁਝ ਹਫ਼ਤਿਆਂ ਦੇ ਵਿੱਚ-ਵਿੱਚ ਠੀਕ ਹੋ ਜਾਣਗੀਆਂ ਪਰ ਚਮੜੀ ਦੇ ਰੰਗ ਵਿੱਚ ਆਈਆਂ ਕੁਝ ਤਬਦੀਲੀਆਂ ਹਮੇਸ਼ਾ ਲਈ ਰਹਿ ਸਕਦੀਆਂ ਹਨ।

### ਇਲਾਜ ਤੋਂ ਬਾਅਦ ਦੇਖਭਾਲ ਸੰਬੰਧੀ ਸਿਫ਼ਾਰਿਸ਼ਾਂ (Recommended Aftercare)

- ਆਮ ਢੰਗ ਨਾਲ ਨਹਾਉਣਾ ਜਾਂ ਸ਼ਾਵਰ ਲੈਣਾ ਜਾਰੀ ਰੱਖੋ।
- ਪ੍ਰਭਾਵਿਤ ਹਿੱਸਿਆਂ ਨੂੰ ਸ਼ੇਵ ਜਾਂ ਵੈਕਸ ਕਰਨ ਤੋਂ ਪਰਹੇਜ਼ ਕਰੋ ਕਿਉਂਕਿ ਇਸ ਕਾਰਣ ਤਕਲੀਫ਼ ਜ਼ਿਆਦਾ ਫੈਲ ਸਕਦੀ ਹੈ; ਕੈਂਚੀ ਜਾਂ ਇਲੈਕਟ੍ਰਿਕ ਰੇਜ਼ਰ ਨਾਲ ਤੁਸੀਂ ਵਾਲ਼ ਕੱਟ ਸਕਦੇ ਹੋ।
- ਜੇ ਟ੍ਰੀਟਮੈਂਟ ਵਾਲੇ ਹਿੱਸਿਆਂ ਦੇ ਜ਼ਖ਼ਮ ਅਜੇ ਵੀ ਭਰ ਰਹੇ ਹਨ ਤਾਂ ਆਪਣੀ ਫ਼ਾਲੋ-ਅੱਪ ਫ਼ੇਰੀ ਨੂੰ ਅੱਗੇ ਪਾਉਣ ਬਾਰੇ ਵਿਚਾਰ ਕਰੋ ਅਤੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਆਪਣੀ ਅਗਲੀ ਫ਼ੇਰੀ ਦੌਰਾਨ ਟ੍ਰੀਟਮੈਂਟ ਦੇ ਅਸਰ ਬਾਰੇ ਦੱਸੋ।

## ਪੋਡੋਫ਼ਾਇਲਿਨ ਰੇਸਿਨ (ਪੋਡੋਫ਼ਾਇਲਮ 10%)
## Podophyllin Resin (Podophyllum 10%)

- ਪੋਡੋਫ਼ਾਇਲਿਨ ਜੜ੍ਹ ਦਾ ਨਿਚੋੜ ਹੈ ਜੋ ਕਲੀਨੀਸ਼ੀਅਨ ਵੱਲੋਂ ਗੁਦਾ/ਗੁਪਤ ਅੰਗਾਂ ਦੇ **ਬਾਹਰੀ** ਹਿੱਸੇ ਵਿੱਚ ਹੋਏ ਮੱਸਿਆਂ ਉੱਪਰ ਲਗਾਇਆ ਜਾਂਦਾ ਹੈ।
- ਇਹ ਇੱਕ **ਬਦਲਵਾਂ ਟ੍ਰੀਟਮੈਂਟ** ਹੈ ਜਿਸ ਨੂੰ ਸਿਰਫ਼ ਉਦੋਂ ਹੀ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ ਜਦੋਂ ਹੋਰ ਕੋਈ ਵਿਕਲਪ ਮੌਜੂਦ ਨਾ ਹੋਵੇ ਕਿਉਂਕਿ ਇਹ ਘੱਟ ਅਸਰਦਾਰ ਹੈ, ਇਸ ਕਾਰਣ ਸਿਹਤਮੰਦ ਸੈੱਲਾਂ ਨੂੰ ਨੁਕਸਾਨ ਹੋ ਸਕਦਾ ਹੈ ਅਤੇ ਇਹ ਚਮੜੀ ਰਾਹੀਂ ਜਜ਼ਬ ਹੋ ਸਕਦਾ ਹੈ।
- **ਇਹ ਕਿਵੇਂ ਕੰਮ ਕਰਦਾ ਹੈ: (How it works)**
  ਪੋਡੋਫ਼ਾਇਲਿਨ ਚਮੜੀ ਦੀ ਸਤਿਹ 'ਤੇ ਲਗਾਇਆ ਜਾਣ ਵਾਲਾ ਵਿਸ਼ੈਲਾ ਪਦਾਰਥ ਹੈ ਜੋ ਐੱਚ.ਪੀ.ਵੀ. ਵਾਇਰਸ ਦੇ ਸੈੱਲਾਂ ਵਿੱਚ ਹੋਣ ਵਾਲੇ ਵਾਧੇ ਨੂੰ ਰੋਕਦਾ ਹੈ।
- **ਟ੍ਰੀਟਮੈਂਟ ਦਾ ਸੰਭਾਵੀ ਅਸਰ: (Expected Treatment Response)**
  ਟ੍ਰੀਟਮੈਂਟ ਤੋਂ ਬਾਅਦ ਗੁਪਤ ਅੰਗਾਂ ਦੇ ਮੱਸਿਆਂ ਦੇ ਨਿਸ਼ਾਨਾਂ ਵਾਲੀ ਚਮੜੀ 'ਤੇ ਲਾਲੀ ਅਤੇ ਮਾਮੂਲੀ ਪਰੇਸ਼ਾਨੀ।
- ਪੋਡੋਫ਼ਾਇਲਿਨ ਟ੍ਰੀਟਮੈਂਟ ਦੇ 6 ਤਕ ਸੈਸ਼ਨ ਕੀਤੇ ਜਾ ਸਕਦੇ ਹਨ, ਟ੍ਰੀਟਮੈਂਟ ਸੈਸ਼ਨਾਂ ਵਿਚਕਾਰ ਇੱਕ ਹਫ਼ਤੇ ਦੀ ਵਿੱਥ ਹੁੰਦੀ ਹੈ।

### ਸਾਵਧਾਨੀ (CAUTION)

- ਜੇ ਤੁਹਾਨੂੰ ਡਾਈਬੀਟੀਜ਼ ਜਾਂ ਖ਼ੂਨ ਦੇ ਦੌਰੇ ਸੰਬੰਧੀ ਕੋਈ ਹੋਰ ਬਿਮਾਰੀ ਹੈ ਤਾਂ ਪੋਡੋਫ਼ਾਇਲਿਨ ਇਸਤੇਮਾਲ **ਨਹੀਂ** ਕੀਤੀ ਜਾਣੀ ਚਾਹੀਦੀ।
- **ਸਿਰਫ਼ ਬਾਹਰੀ ਇਸਤੇਮਾਲ ਲਈ:** ਇਸ ਨੂੰ ਗੁਪਤ ਅੰਗਾਂ ਦੇ ਅੰਦਰ ਹੋਏ ਮੱਸਿਆਂ (ਮਤਲਬ ਕਿ ਯੋਨੀ, ਗੁਦਾ ਜਾਂ ਪਿਸ਼ਾਬ ਕਰਨ ਵਾਲੀ ਥਾਂ ਦੇ ਅੰਦਰ) ਲਈ ਇਸਤੇਮਾਲ ਨਾ ਕਰੋ।
- ਜੇ ਚਮੜੀ ਸਬੂਤੀ ਨਹੀਂ ਹੈ ਤਾਂ ਉਸ ਉੱਪਰ ਇਸਤੇਮਾਲ ਨਾ ਕਰੋ ਜਿਵੇਂ ਕਿ ਅਜਿਹੇ ਮੱਸੇ ਜੋ ਖੁੱਲ੍ਹੇ ਹੋਣ ਜਾਂ ਜਿਨ੍ਹਾਂ ਵਿੱਚੋਂ ਖ਼ੂਨ ਰਿਸਦਾ ਹੋਵੇ।



Provincial Health Services Authority
Province-wide solutions. Better health.
ACCREDITED • AGRÉÉ • CCHSA • CCASS
*A research and teaching centre affiliated with UBC*

BC Centre for Disease Control
Provincial Health Services Authority

# ਗੁਪਤ ਅੰਗਾਂ ਉੱਪਰ ਮੱਸਿਆਂ (ਐੱਚ.ਪੀ.ਵੀ.) ਦਾ ਟ੍ਰੀਟਮੈਂਟ (ਚਲਦਾ)
# Genital Wart Treatment (cont'd)

- ਤਿਲ ਜਾਂ ਸਰੀਰ ਉੱਪਰ ਜਮਾਂਦਰੂ ਨਿਸ਼ਾਨਾਂ ਉੱਪਰ ਇਸਤੇਮਾਲ ਨਾ ਕਰੋ।
- ਇਸ ਨਾਲ ਚਮੜੀ ਦਾ ਟ੍ਰੀਟ ਕੀਤਾ ਜਾਣ ਵਾਲਾ ਕੁੱਲ ਹਿੱਸਾ 5 ਵਰਗ ਸੈਂਟੀਮੀਟਰ ਜਾਂ ਘੱਟ ਹੋਣਾ ਚਾਹੀਦਾ ਹੈ।

## ਗਰਭਕਾਲ ਅਤੇ ਆਪਣਾ ਦੁੱਧ ਚੁੰਘਾਉਣਾ (Pregnancy, Chest/Breastfeeding)

- ਗਰਭਕਾਲ ਅਤੇ ਬੱਚੇ ਨੂੰ ਆਪਣਾ ਦੁੱਧ ਚੁੰਘਾਉਣ ਦੌਰਾਨ ਪੋਡੋਫ਼ਾਇਲਿਨ ਇਸਤੇਮਾਲ ਕਰਨ ਦੀ ਸਿਫ਼ਾਰਿਸ਼ **ਨਹੀਂ** ਕੀਤੀ ਜਾਂਦੀ।

## ਮਾੜੇ ਪ੍ਰਭਾਵ (Side Effects)

- ਜਿਸ ਥਾਂ 'ਤੇ ਦਵਾਈ ਲਗਾਈ ਜਾਂਦੀ ਹੈ ਉੱਥੇ ਤੁਹਾਨੂੰ ਚਮੜੀ ਉੱਪਰ ਮਾਮੂਲੀ ਤੋਂ ਦਰਿਮਆਨੇ ਰੀਐਕਸ਼ਨ ਹੋ ਸਕਦੇ ਹਨ ਜਿਵੇਂ ਕਿ ਲਾਲੀ, ਬੇਅਰਾਮੀ, ਸਪਰਸ਼ ਕਾਰਣ ਪਰੇਸ਼ਾਨੀ, ਸੁੰਨਤਾ, ਡੰਗ ਲੱਗਣ ਜਿਹਾ ਅਹਿਸਾਸ, ਜਲ਼ਣ ਜਾਂ ਦਰਦ ਹੋਣਾ। ਛਾਲੇ, ਫੋੜੇ ਜਾਂ ਖਾਰਿਸ਼ ਵੀ ਹੋ ਸਕਦੀ ਹੈ।
- ਜੇ ਤੁਸੀਂ ਆਸਾਨੀ ਨਾਲ ਰਗੜਾਂ ਲੱਗਣ, ਖ਼ੂਨ ਵਗਣ, ਕਮਜ਼ੋਰੀ, ਪੇਟ ਵਿੱਚ ਗੰਭੀਰ ਕੜਵੱਲ ਪੈਣ ਜਾਂ ਕਬਜ਼, ਚਮੜੀ ਉੱਪਰ ਗੰਭੀਰ ਰੀਐਕਸ਼ਨ, ਮਾਨਸਿਕ ਸਿਹਤ ਵਿੱਚ ਤਬਦੀਲੀਆਂ ਜਾਂ ਕੋਈ ਵੀ ਅਸਾਧਾਰਣ ਅਸਰ ਮਹਿਸੂਸ ਕਰੋ ਤਾਂ ਤੁਰੰਤ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਸੂਚਿਤ ਕਰੋ।

## ਪੋਡੋਫ਼ਾਇਲਿਨ ਰੇਸਿਨ (ਪੋਡੋਫ਼ਾਇਲਮ 10%)[Podophyllin Resin (Podophyllum 10%)]

## ਟ੍ਰੀਟਮੈਂਟ ਤੋਂ ਬਾਅਦ ਦੇਖਭਾਲ ਸੰਬੰਧੀ ਸਿਫ਼ਾਰਿਸ਼ (Recommended Aftercare)

- ਪਹਿਲਾ ਟ੍ਰੀਟਮੈਂਟ: ਦਵਾਈ ਲਗਾਉਣ ਤੋਂ **1 ਘੰਟਾ ਬਾਅਦ** ਪੋਡੋਫ਼ਾਇਲਿਨ ਨੂੰ ਚਮੜੀ ਤੋਂ ਹਟਾਉਣ ਲਈ ਟ੍ਰੀਟਮੈਂਟ ਕੀਤੀ ਚਮੜੀ ਨੂੰ ਕੋਮਲ ਸਾਬਣ ਅਤੇ ਗਰਮ ਪਾਣੀ ਨਾਲ ਧੋਵੋ ਅਤੇ ਚਮੜੀ ਨੂੰ ਹਵਾ ਲੱਗ ਕੇ ਸੁੱਕਣ ਦਿਓ।
- ਪੋਡੋਫ਼ਾਇਲਿਨ ਇੱਕ ਕਾਟਵਾਂ ਪਦਾਰਥ ਹੈ ਇਸ ਲਈ ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਧੋਵੋ। ਅੱਖਾਂ ਤੋਂ ਦੂਰ ਰੱਖੋ।
- ਫ਼ਾਲੋ-ਅੱਪ ਟ੍ਰੀਟਮੈਂਟ: ਟ੍ਰੀਟਮੈਂਟ ਵਾਲੇ ਹਿੱਸੇ ਨੂੰ ਦਵਾਈ ਮਗਰੋਂ **4 ਤੋਂ 6 ਘੰਟੇ ਬਾਅਦ** ਜਾਂ ਲੋੜ ਮੁਤਾਬਕ ਛੇਤੀ ਧੋਵੋ।
- ਜੇ ਟ੍ਰੀਟਮੈਂਟ ਵਾਲੇ ਕਿਸੇ ਵੀ ਹਿੱਸੇ ਵਿੱਚ ਤੁਹਾਨੂੰ ਤੀਬਰ ਜਲ਼ਣ ਹੋਵੇ, ਦਰਦ ਹੋਵੇ, ਖੁੱਲ੍ਹੇ ਜ਼ਖ਼ਮ ਹੋ ਜਾਣ ਜਾਂ ਖ਼ੂਨ ਵਗਣਾ ਸ਼ੁਰੂ ਹੋ ਜਾਵੇ ਤਾਂ ਉਸ ਹਿੱਸੇ ਨੂੰ ਤੁਰੰਤ ਧੋਵੋ ਅਤੇ ਆਪਣੀ ਅਗਲੀ ਫੇਰੀ ਸਮੇਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਇਸ ਬਾਰੇ ਸੂਚਿਤ ਕਰੋ।
- ਟ੍ਰੀਟਮੈਂਟ ਵਾਕੇ ਹਿੱਸੇ ਜੇ ਅਜੇ ਵੀ ਖੁੱਲ੍ਹੇ ਹਨ ਜਾਂ ਉਨ੍ਹਾਂ ਵਿੱਚੋਂ ਰਿਸਾਵ ਹੋ ਰਿਹਾ ਹੈ ਤਾਂ ਫ਼ੋਨ ਕਰਕੇ ਆਪਣੀ ਫ਼ਾਲੋ-ਅੱਲ ਫੇਰੀ ਨੂੰ ਕਿਸੇ ਹੋਰ ਤਾਰੀਖ਼ ਲਈ ਟਾਲ਼ ਦਿਓ। ਆਪਣੀ ਅਗਲੀ ਫੇਰੀ ਦੌਰਾਨ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਟ੍ਰੀਟਮੈਂਟ ਦੇ ਅਸਰ ਬਾਰੇ ਸੂਚਿਤ ਕਰੋ।
- ਆਮ ਵਾਂਗ ਨਹਾਓ ਜਾਂ ਸ਼ਾਵਰ ਲਓ।
- ਪ੍ਰਭਾਵਿਤ ਹਿੱਸਿਆਂ ਨੂੰ ਸ਼ੇਵ ਜਾਂ ਵੈਕਸ ਕਰਨ ਤੋਂ ਪਰਹੇਜ਼ ਕਰੋ ਕਿਉਂਕਿ ਇਸ ਕਾਰਣ ਤਕਲੀਫ਼ ਜ਼ਿਆਦਾ ਫੈਲ ਸਕਦੀ ਹੈ; ਕੈਂਚੀ ਜਾਂ ਇਲੈਕਟ੍ਰਿਕ ਰੇਜ਼ਰ ਨਾਲ ਤੁਸੀਂ ਵਾਲ਼ ਕੱਟ ਸਕਦੇ ਹੋ।

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਜ਼ਿਆਦਾ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ www.smartsexresource.com 'ਤੇ ਜਾਓ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।



Provincial Health Services Authority
Province-wide solutions. Better health.
ACCREDITED • AGRÉÉ • CCHSA • CCASS
*A research and teaching centre affiliated with UBC*